**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।**
**ਫੋਨ ਨੰ: 0172-2212221, ਫੈਕਸ ਨੰ: 0172-2212793**

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਸਕੂਲ ਮੁੱਖੀ।

ਮੀਮੋ ਨੰ: 5/57-2018(ਅਕਾ)
ਮਿਤੀ :13/09/2018

**ਵਿਸ਼ਾ:-** **ਸਤੰਬਰ, 2018 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-1) ਅਤੇ ਨੌਵੀਂ ਅਤੇ ਦਸਵੀਂ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਣੀ।**
**ਹਵਾਲਾ:** ਮੀਮੋ ਨੰ: 5/57-2018(ਅਕਾ) ਮਿਤੀ :06/09/2018 ਦੇ ਸਬੰਧ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲੋਅ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ 19 ਸਤੰਬਰ,2018 ਨੂੰ ਜਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਿਤੀਆਂ ਦੀਆਂ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਲੱਗਣ ਕਾਰਨ ਸਤੰਬਰ,2018 ਪ੍ਰੀਖਿਆ ਦਾ ਜੋ ਸ਼ਡਿਊਲ ਰੱਦ ਕੀਤਾ ਗਿਆ ਸੀ, ਹੁਣ ਇਹ ਪ੍ਰੀਖਿਆ ਮਿਤੀ 24/09/2018 ਤੋਂ ਕੰਡਕਟ ਕਰਵਾਈਆਂ ਜਾ ਰਹੀਆ ਹਨ ਜਿਸ ਦੀ ਸਮਾਂ ਸਾਰਣੀ ਅਤੇ ਹਦਾਇਤਾਂ ਨਾਲ ਨੱਥੀ ਹਨ। **ਗਿਆਰਵੀਂ ਅਤੇ ਬਾਰਵੀਂ** ਜਮਾਤ ਦੀ ਲਿਖਤੀ ਪ੍ਰੀਖਿਆ ਵੀ 24/09/2018 ਤੋਂ ਆਪਣੇ ਹੀ ਪੱਧਰ ਤੇ ਡੇਟਸੀਟ ਬਣਾ ਕੇ ਕੰਡਕਟ ਕਰਵਾਈ ਜਾਵੇ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ., ਪੰਜਾਬ**
Seema

**ਪਿੱਠ ਅੰਕਣ ਨੰ: ਉਕਤ** **ਮਿਤੀ 13/09/2018**
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਪੀ.ਏ.ਟੂ ਸਕੱਤਰ ਸਕੂਲ ਸਿੱਖਿਆ,ਪੰਜਾਬ।
2) ਪੀ.ਏ.ਟੂ ਡੀ.ਪੀ.ਆਈ. (ਸੈ.ਸਿ.), ਪੰਜਾਬ।
3) ਪੀ.ਏ.ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
4) ਡੀ ਐਮ (MIS) ਨੂੰ ਵੈੱਬ ਸਾਈਟ ਤੇ ਪਾਉਣ ਲਈ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ., ਪੰਜਾਬ**
Seema

**ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ,**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।**
**ਫੋਨ ਨੰ: 0172-2212221, ਫੈਕਸ ਨੰ: 0172-2212793**

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2) ਸਮੂਹ ਸਕੂਲ ਮੁੱਖੀ।

ਮੀਮੋ ਨੰ: 5/57-2018(ਅਕਾ)
ਮਿਤੀ : 13 /09/2018

**ਵਿਸ਼ਾ:-** **ਸਤੰਬਰ, 2018 ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਸੰਕਲਿਤ ਮੁਲਾਂਕਣ (SA-1) ਅਤੇ ਨੌਵੀਂ ਤੇ ਦਸਵੀਂ ਦੀ ਪ੍ਰੀਖਿਆ ਸਬੰਧੀ ਸਮਾਂ ਸਾਰਣੀ।**
**ਹਵਾਲਾ:** ਮੀਮੋ ਨੰ: 5/57-2018(ਅਕਾ) ਮਿਤੀ 06/09/2018 ਦੇ ਸਬੰਧ।

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਤੰਬਰ 2018 ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੰਕਲਿਤ ਮੁਲਾਂਕਣ (SA-1) ਅਤੇ ਨੌਵੀਂ ਤੇ ਦਸਵੀਂ ਜਮਾਤ ਦੀ ਪ੍ਰੀਖਿਆ ਲਈ ਜਾਣੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਕਿ ਵਿਦਿਆਰਥੀ ਇਸ ਮੁਲਾਂਕਣ-ਪ੍ਰੀਖਿਆ ਪ੍ਰਤੀ ਪੂਰਣ ਰੂਪ ਵਿੱਚ ਦੋਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਣੀ ਜਾਰੀ ਕੀਤੀ ਜਾ ਰਹੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ: -

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ |
|---|---|---|---|---|---|---|---|
| 1 | 24.9.2018 | ਸੋਮਵਾਰ | ਸਾਇੰਸ | ਅੰਗੇਰਜ਼ੀ | ਗਣਿਤ | ਅੰਗਰੇਜ਼ੀ | ਸਮਾਜਿਕ ਸਿੱਖਿਆ |
| 2 | 25.9.2018 | ਮੰਗਲਵਾਰ | ਚੋਣਵਾਂ ਵਿਸ਼ਾ | ਚੋਣਵਾਂ ਵਿਸ਼ਾ/ NSQF | ਪੰਜਾਬੀ | ਸਰੀਰਿਕ ਸਿੱਖਿਆ | ਕੰਪਿਊਟਰ ਸਿੱਖਿਆ |
| 3 | 26.9.2018 | ਬੁੱਧਵਾਰ | ਗਣਿਤ | ਸਮਾਜਿਕ ਸਿੱਖਿਆ | ਚੋਣਵਾਂ ਵਿਸ਼ਾ | ਸਮਾਜਿਕ ਸਿੱਖਿਆ | ਪੰਜਾਬੀ |
| 4 | 27.9.2018 | ਵੀਰਵਾਰ | ਕੰਪਿਊਟਰ ਸਿੱਖਿਆ | ਹਿੰਦੀ | ਕੰਪਿਊਟਰ ਸਿੱਖਿਆ | ---- | ਸਰੀਰਿਕ ਸਿੱਖਿਆ |
| 5 | 29.9.2018 | ਸ਼ਨੀਵਾਰ | ਅੰਗਰੇਜ਼ੀ | ਗਣਿਤ | ਸਮਾਜਿਕ ਸਿੱਖਿਆ | ਸਾਇੰਸ | ਅੰਗਰੇਜ਼ੀ |
| 6 | 01.10.2018 | ਸੋਮਵਾਰ | ਪੰਜਾਬੀ ਏ | ਸਾਇੰਸ | ਹਿੰਦੀ | ਕੰਪਿਊਟਰ ਸਿੱਖਿਆ | ਚੋਣਵਾਂ ਵਿਸ਼ਾ |
| 7 | 03.10.2018 | ਬੁੱਧਵਾਰ | ਪੰਜਾਬੀ ਬੀ | ਪੰਜਾਬੀ ਏ | ਸਾਇੰਸ | ਗਣਿਤ | ਸਾਇੰਸ |
| 8 | 04.10.2018 | ਵੀਰਵਾਰ | NSQF | ਪੰਜਾਬੀ ਬੀ | ਸਰੀਰਿਕ ਸਿੱਖਿਆ | ਚੋਣਵਾਂ ਵਿਸ਼ਾ | ---- |
| 9 | 05.10.2018 | ਸ਼ੁਕਰਵਾਰ | ਸਮਾਜਿਕ ਸਿੱਖਿਆ | ਕੰਪਿਊਟਰ ਸਿੱਖਿਆ | ---- | ਹਿੰਦੀ | ਗਣਿਤ |
| 10 | 06.10.2018 | ਸ਼ਨੀਵਾਰ | ਹਿੰਦੀ | | ਅੰਗਰੇਜ਼ੀ | ਪੰਜਾਬੀ | ਹਿੰਦੀ |

ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 8:30 ਵਜੇ ਤੋਂ 11:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈੱਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ।ਸਤੰਬਰ, 2018 ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੀ ਪ੍ਰੀਖਿਆ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਪੇਪਰ ਤਿਆਰ ਕਰਕੇ ਲਈ ਜਾਵੇਗੀ।ਸਕੂਲਾਂ ਦਾ ਸਮਾਂ ਤਬਦੀਲ ਹੋਣ ਤੇ ਪ੍ਰੀਖਿਆ ਦਾ ਸਮਾਂ ਸਵੇਰੇ 9:30 ਤੋਂ 12:30 ਤੱਕ ਹੋਵੇਗਾ।

**2.0** ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ, ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

**3.0** ਛੇਵੀਂ ਤੋਂ ਦਸਵੀਂ ਜਮਾਤ ਦੇ ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

3.(ੳ) ਸਾਇੰਸ ਦਾ ਪ੍ਰਯੋਗੀ ਮੁਲਾਂਕਣ ਪਹਿਲਾਂ ਹੀ ਸਾਇੰਸ ਮੇਲੇ ਦੌਰਾਨ ਕੀਤਾ ਜਾ ਚੁੱਕਾ ਹੈ।

**4.0** **ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ (ਸਤੰਬਰ 2018) ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।**

**5.0** ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਦੇ ਹੋਏ ਸਕੂਲ ਮੁਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਮਿਤੀ 24 ਸਤੰਬਰ, 2018 ਤੋਂ 06ਅਕਤੂਬਰ, 2018 ਤੱਕ ਕਰਵਾ ਲਿਆ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

**6.0** ਵਿਦਿਆਰਥੀਆਂ ਨੂੰ ਮੁਲਾਂਕਣ ਤੋਂ ਬਾਅਦ ਮਿਡ-ਡੇ-ਮੀਲ ਵੀ ਦਿੱਤਾ ਜਾਵੇ।

**7.0** ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ 'ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕਾਂ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

**8.0** ਮਾਪੇ ਅਧਿਆਪਕ ਮਿਲਣੀ (PTM)ਮਿਤੀ 12.10.2018 ਨੂੰ ਕਰਵਾਈ ਜਾਵੇ।

**9.0** ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ
**ਐਸ.ਸੀ.ਈ.ਆਰ.ਟੀ ਪੰਜਾਬ**

**ਪਿੱਠਅੰਕਣ ਨੰ:** **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਪੀ.ਏ.ਟੂ ਸਕੱਤਰ ਸਕੂਲ ਸਿੱਖਿਆ,ਪੰਜਾਬ।
2) ਪੀ.ਏ.ਟੂਡੀ.ਪੀ.ਆਈ. (ਸੈ.ਸਿ.), ਪੰਜਾਬ।
3) ਪੀ.ਏ.ਟੂਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਡਾਇਰੈਕਟਰ
**ਐਸ.ਸੀ.ਈ.ਆਰ.ਟੀ ਪੰਜਾਬ**